BRAMPTON

Media Release

ਤੁਰੰਤ ਰਿਲੀਜ ਲਈ

# ਸਿਟੀ ਆਫ ਬ੍ਰੈਂਪਟਨ ਨੋਰਥ ਅਮਰੀਕਾ ਦੀ ਕ੍ਰਿਕੇਟ ਕੈਪੀਟਲ ਵਜੋਂ ਆਪਣੀ ਸਥਿਤੀ ਮਜ਼ਬੂਤ ਕਰ ਰਹੀ ਹੈ

## *ਸਪੋਰਟਸ ਟੂਰਿਜ਼ਮ ਵਿੱਚ ਨਿਵੇਸ਼ ਕਰਨਾ ਅਤੇ ਲੋਕਲ ਕ੍ਰਿਕੇਟ ਸਹੂਲਤਾਂ ਨੂੰ ਵਧਾਉਣਾ*

ਬ੍ਰੈਂਪਟਨ, ਓਨਟੈਰੀਓ (15 ਜੂਨ, 2023) – ਕੱਲ੍ਹ ਆਪਣੀ ਮੀਟਿੰਗ ਵਿੱਚ, ਸਿਟੀ ਕਾਉਂਸਿਲ (City Council) ਨੇ ਬ੍ਰੈਂਪਟਨ ਦੇ ਕ੍ਰਿਕੇਟ ਇੰਫਰਾਸਟ੍ਰਕਚਰ ਵਿੱਚ ਵਾਧੂ ਵਾਧਿਆਂ ਨੂੰ ਪ੍ਰਵਾਨਗੀ ਦਿੱਤੀ, ਇਹ ਲੋਕਲ ਸਪੋਰਟਸ ਦੇ ਲਗਾਤਾਰ ਵਾਧੇ ਅਤੇ "ਨੋਰਥ ਅਮਰੀਕਾ ਦੀ ਕ੍ਰਿਕੇਟ ਕੈਪੀਟਲ" ("Cricket Capital of North America") ਬਣਨ ਦੇ ਸਿਟੀ ਦੇ ਵਿਜਨ ਦੀ ਹਿਮਾਇਤ ਕਰਦਾ ਹੈ।

ਬ੍ਰੈਂਪਟਨ ਵਿੱਚ ਕ੍ਰਿਕੇਟ ਫੈਸਿਲਿਟੀਜ ਲਈ ਨਵੇਂ ਪ੍ਰਵਾਨ ਕੀਤੇ ਵਾਧਿਆਂ ਵਿੱਚ ਸ਼ਾਮਲ ਹਨ:

- ਐਂਡ੍ਰਿਊ ਮੈਕੈਂਡਲਸ ਪਾਰਕ (Andrew McCandless Park) ਵਿਖੇ ਕਵਾਲਿਟੀ ਸਵੀਟਸ ਕ੍ਰਿਕੇਟ ਪਿਚ (Kwality Sweets Cricket Pitch) – ਪਾਵਰ ਪਹੁੰਚ ਵਾਲੇ ਦੋ ਵਧਾਏ ਗਏ ਛਾਂ ਵਾਲੇ ਸਟ੍ਰਕਚਰ ਅਤੇ ਚਾਰ-ਲੇਨ ਕ੍ਰਿਕੇਟ ਬੈਟਿੰਗ ਕੇਜ ਦੀ ਇੰਸਟਾਲੇਸ਼ਨ;
- ਸੇਵ ਮੈਕਸ ਸਪੋਰਟਸ ਸੈਂਟਰ (Save Max Sports Centre) – ਚਾਰ-ਲੇਨ ਕ੍ਰਿਕੇਟ ਬੈਟਿੰਗ ਕੇਜ ਦੀ ਇੰਸਟਾਲੇਸ਼ਨ;
- ਬੈਟਸਮੈਨ ਪਾਰਕ ਓਪਸ਼ਨਸ (Batsman Park Options) – ਕਮਿਉਨਿਟੀ ਦੇ ਨਾਲ ਮਸ਼ਵਰਾ ਕਰਕੇ ਅਤੇ 2024 ਦੇ ਬਜਟ ਵਿੱਚ ਵਿਚਾਰ ਕੀਤੇ ਜਾਣ ਲਈ, ਦੋ ਤੋਂ ਚਾਰ ਛਾਂ ਵਾਲੇ ਸ਼ੈਲਟਰ ਸੇਲਸ ਜਾਂ ਛਾਂ ਵਾਲੇ ਸਟ੍ਰਕਚਰ ਸ਼ਾਮਲ ਕੀਤੇ ਜਾਣ ਤੇ ਵਿਚਾਰ ਕਰਨਾ;
- ਟੇਰਾਮੋਟੋ ਐਂਡ ਇਮੈਂਸੀਪੇਸ਼ਨ ਪਾਰਕਸ ਓਪਸ਼ਨਸ (Teramoto & Emancipation Parks Options) – ਕਮਿਉਨਿਟੀ ਦੇ ਨਾਲ ਮਸ਼ਵਰਾ ਕਰਕੇ ਅਤੇ 2024 ਦੇ ਬਜਟ ਵਿੱਚ ਵਿਚਾਰ ਕੀਤੇ ਜਾਣ ਲਈ, ਹਰੇਕ ਪਾਰਕ ਵਿਖੇ ਦੋ ਛਾਂ ਵਾਲੇ ਸ਼ੈਲਟਰ ਸੇਲਸ ਜਾਂ ਛਾਂ ਵਾਲੇ ਸਟ੍ਰਕਚਰ ਸ਼ਾਮਲ ਕੀਤੇ ਜਾਣ ਤੇ ਵਿਚਾਰ ਕਰਨਾ;

ਇਹਨਾਂ ਨਿਵੇਸ਼ਾਂ ਦੇ ਇਲਾਵਾ, ਸਿਟੀ ਕ੍ਰਿਕੇਟ ਬੈਟਿੰਗ ਕੇਜਸ ਲਈ ਇੱਕ ਲੇਨ ਵੰਡ ਪ੍ਰਬੰਧਨ ਸਿਸਟਮ ਵਿਕਸਿਤ ਕਰੇਗੀ ਅਤੇ ਪਾਰਕਸ ਐਂਡ ਰੇਕ੍ਰੀਏਸ਼ਨ ਮਾਸਟਰ ਪਲਾਨ (Parks and Recreation Master Plan) ਵਿੱਚ ਜਾਰੀ ਅੱਪਡੇਟ ਦੇ ਹਿੱਸੇ ਵਜੋਂ ਲੋਕਲ ਕ੍ਰਿਕੇਟ ਸੰਗਠਨਾਂ ਨਾਲ ਜੁੜਨਾ ਜਾਰੀ ਰੱਖੇਗੀ। ਇਹ ਬ੍ਰੈਂਪਟਨ ਵਿੱਚ ਕ੍ਰਿਕੇਟ ਦੇ ਵਾਧੇ ਲਈ ਢੁੱਕਵੀਂ ਹਿਮਾਇਤ ਨੂੰ ਯਕੀਨੀ ਬਣਾਉਣ ਵਿੱਚ ਮਦਦ ਕਰੇਗਾ।

ਕ੍ਰਿਕੇਟ, ਕੈਨੇਡਾ ਵਿੱਚ ਸਭ ਤੋਂ ਤੇਜ਼ੀ ਨਾਲ ਵਧਣ ਵਾਲੇ ਸਪੋਰਟਸ ਵਿੱਚੋਂ ਇੱਕ ਹੈ ਅਤੇ ਸਿਟੀ ਆਫ ਬ੍ਰੈਂਪਟਨ, ਵਸਨੀਕਾਂ ਨੂੰ ਇਸਤੇਮਾਲ ਕਰਨ ਲਈ ਡਾਇਨੈਮਿਕ ਕ੍ਰਿਕੇਟ ਸਹੂਲਤਾਂ ਪੇਸ਼ ਕਰਦੀ ਹੈ। ਬ੍ਰੈਂਪਟਨ ਦੇ ਕ੍ਰਿਕੇਟ ਖਿਡਾਰੀਆਂ ਨੇ ਪਿਛਲੇ ਦਹਾਕਿਆਂ ਵਿੱਚ ਲੋਕਲ ਗੈਰ-ਲਾਭ ਲੀਗਸ ਵਿੱਚ ਵਿਕਾਸ ਕੀਤਾ ਹੈ, ਜਿਵੇਂ ਬ੍ਰੈਂਪਟਨ ਕ੍ਰਿਕੇਟ ਲੀਗ (ਬੀ.ਸੀ.ਐਲ.) (Brampton Cricket League) (BCL) ਅਤੇ ਬ੍ਰੈਂਪਟਨ ਈਟੋਬੀਕੋ ਡਿਸਟ੍ਰਿਕਟ ਕ੍ਰਿਕੇਟ ਲੀਗ (ਬੀ.ਈ.ਡੀ.ਸੀ.ਐਲ.) (Brampton Etobicoke District Cricket League) (BEDCL), ਜਿਹਨਾਂ ਨੇ ਸਪੋਰਟਸ ਲਈ ਹਿਮਾਇਤ ਅਤੇ ਦਿਲਚਸਪੀ ਵਿੱਚ ਵਾਧਾ ਕੀਤਾ ਹੈ। ਸਿਟੀ ਦੀਆਂ ਸਹੂਲਤਾਂ, 42 ਬੇਜੋੜ ਸੀਜਨਲ ਸੰਗਠਨਾਂ, ਟੂਰਨਾਮੈਂਟਾਂ ਅਤੇ ਵਿਅਕਤੀਆਂ ਦੀ ਮੇਜਬਾਨੀ ਕਰਦੀਆਂ ਹਨ, ਜੋ ਫੀਲਡ ਟਾਈਮ ਦੇ 14,000 ਤੋਂ ਵੱਧ ਘੰਟੇ ਬੁੱਕ ਕਰਦੇ ਹਨ।

ਪਿਛਲੇ ਤਿੰਨ ਸਾਲਾਂ ਤੋਂ, ਬ੍ਰੈਂਪਟਨ ਨੇ ਕ੍ਰਿਕੇਟ ਸਹੂਲਤਾਂ ਵਿੱਚ 20 ਤੋਂ ਜ਼ਿਆਦਾ ਵਾਧਿਆਂ ਵਿੱਚ 2,000,000 ਡਾਲਰ ਤੋਂ ਵੱਧ ਦਾ ਨਿਵੇਸ਼ ਕੀਤਾ ਹੈ ਅਤੇ ਭਵਿੱਖੀ ਪ੍ਰੋਜੈਕਟਾਂ ਵਾਸਤੇ ਵੰਡੇ ਗਏ 7,000,000 ਡਾਲਰਾਂ ਦੇ ਨਾਲ ਕਮਿਉਨਿਟੀ ਦੀ ਲੋੜ ਨੂੰ ਲਗਾਤਾਰ ਤਰਜੀਹ ਦੇ ਰਿਹਾ ਹੈ। ਵਾਧੂ ਵਿਕਾਸਾਂ ਵਿੱਚ ਸ਼ਾਮਲ ਹਨ, ਟਰਨਰ ਫੈਂਟਨ ਸੈਕੰਡਰੀ ਸਕੂਲ, ਕ੍ਰੈਡਿਟਵਿਊ ਸੈਂਡਲਵੁੱਡ ਪਾਰਕ (Turner Fenton Secondary School, Creditview Sandalwood Park) ਵਿਖੇ ਇੱਕ ਪੂਰਾ ਰੋਸ਼ਨੀ ਵਾਲਾ ਕ੍ਰਿਕੇਟ ਫੀਲਡ ਅਤੇ ਗੋਰ ਮੇਡੋਜ ਈਸਟ ਕਮਿਉਨਿਟੀ ਪਾਰਕ (Gore Meadows East Community Park) ਵਿਖੇ ਤਿੰਨ ਨਵੇਂ ਫੀਲਡ।

**2023 ਗਲੋਬਲ T20 ਕੈਨੇਡਾ ਟੂਰਨਾਮੈਂਟ**

ਗਲੋਬਲ T20 (Global T20) (GT20), ਇੱਕ ਸਾਲਾਨਾ ਕ੍ਰਿਕੇਟ ਟੂਰਨਾਮੈਂਟ ਹੈ, ਜਿੱਥੇ ਸਭ ਤੋਂ ਵੱਡੇ ਨੌਰਥ ਅਮਰੀਕੀ ਕ੍ਰਿਕੇਟ ਖਿਡਾਰੀ ਅਤੇ ਪੂਰੀ ਦੁਨੀਆ ਦੇ ਕ੍ਰਿਕੇਟ ਦੀਆਂ ਕੁਝ ਵੱਡੀਆਂ ਹਸਤੀਆਂ ਸ਼ਾਮਲ ਹੁੰਦੀਆਂ ਹਨ।

ਸਿਟੀ ਪੂਰੇ ਮਾਣ ਦੇ ਨਾਲ, 2023 GT20 ਕ੍ਰਿਕੇਟ ਟੂਰਨਾਮੈਂਟ (2023 GT20 Cricket Tournament) ਦੀ ਪ੍ਰਯੋਜਕ (ਸਪਾਂਸਰ) ਹੈ, ਜੋ ਬ੍ਰੈਂਪਟਨ ਸਪੋਰਟਸ ਪਾਰਕ, ਸੀ.ਈ.ਏ. ਸੈਂਟਰ ਸਪੋਰਟਸ ਐਂਡ ਐਂਟਰਟੇਨਮੈਂਟ ਕੰਪਲੈਕਸ, 7575 ਕੈਨੇਡੀ ਰੋਡ ਸਾਊਥ (Brampton Sports Park, CAA Centre Sports and Entertainment Complex, 7575 Kennedy Rd S.) ਵਿਖੇ, 20 ਜੁਲਾਈ ਤੋਂ 6 ਅਗਸਤ ਤੱਕ ਹੋਵੇਗਾ। ਸਿਟੀ ਨੇ ਪਹਿਲਾਂ 2019 ਵਿੱਚ ਟੂਰਨਾਮੈਂਟ ਦੇ ਦੂਜੇ ਸੀਜਨ ਦੀ ਮੇਜਬਾਨੀ ਕੀਤੀ ਸੀ, ਜਿਸਨੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਦਰਸ਼ਕਾਂ ਦਾ ਧਿਆਨ ਆਪਣੇ ਵੱਲ ਖਿੱਚਿਆ ਸੀ।

GT20 ਟੂਰਨਾਮੈਂਟ ਬਾਰੇ ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ www.gt20.ca ਤੇ ਜਾਓ।

ਮੰਗ ਦੇ ਮੁਤਾਬਕ ਲਗਾਤਾਰ ਅੱਗੇ ਵਧਣ ਦੇ ਨਾਲ, ਸਿਟੀ ਸਾਰਿਆਂ ਵਾਸਤੇ ਖੇਡਣ ਅਤੇ ਅਨੰਦ ਮਾਣਨ ਦੇ ਲਈ ਥਾਂ ਬਣਾਉਣ ਵਾਸਤੇ, ਵੱਧ ਮੌਕੇ ਪੈਦਾ ਕਰਨ ਅਤੇ ਪੂਰਾ ਸਾਲ ਸਹੂਲਤਾਂ ਨੂੰ ਸਰਦੀ ਵਾਸਤੇ ਤਿਆਰ ਕਰਨ ਦੀ ਸਮਰੱਥਾ ਸਮੇਤ, ਆਪਣੇ ਫੀਲਡਾਂ ਨੂੰ ਵਧਾ ਰਹੀ ਹੈ।

ਵਧੇਰੇ ਜਾਣਕਾਰੀ, www.brampton.ca/cricket ਤੇ ਲਵੋ।

**ਹਵਾਲੇ**

"ਕ੍ਰਿਕੇਟ, ਨੌਰਥ ਅਮਰੀਕਾ ਦੀ ਸਭ ਤੋਂ ਤੇਜ਼ੀ ਨਾਲ ਵਧਣ ਵਾਲੀ ਅਤੇ ਬਹੁਤ ਜ਼ਿਆਦਾ ਦੇਖੀ ਜਾਣ ਵਾਲੀ ਖੇਡ ਵਜੋਂ ਉੱਭਰੀ ਹੈ ਅਤੇ ਬ੍ਰੈਂਪਟਨ ਵਿੱਚ ਇਹ ਕਾਫੀ ਅੱਗੇ ਵਧ ਰਹੀ ਹੈ! ਸਾਨੂੰ ਇਸ ਸਾਲ ਬ੍ਰੈਂਪਟਨ ਵਿੱਚ ਗਲੋਬਲ T20 ਕੈਨੇਡਾ ਟੂਰਨਾਮੈਂਟ ਦਾ ਮੁੜ ਸੁਆਗਤ ਕਰਦੇ ਹੋਏ ਬੇਹੱਦ ਖੁਸ਼ੀ ਹੋ ਰਹੀ ਹੈ, ਜੋ ਇੱਕ ਵਾਰ ਫਿਰ ਸਾਡੇ ਆਪਣੇ ਲੋਕਲ ਕਮਿਉਨਿਟੀ ਕ੍ਰਿਕੇਟ ਸੰਗਠਨਾਂ ਅਤੇ ਪ੍ਰਸ਼ੰਸਕਾਂ ਨੂੰ ਪ੍ਰੇਰਨਾ ਦਿੰਦੇ ਹੋਏ ਅੰਤਰਰਾਸ਼ਟਰੀ ਧਿਆਨ ਖਿੱਚੇਗਾ। ਅਸੀਂ ਪਹੁੰਚ ਅਤੇ ਵਾਧਿਆਂ ਵਿੱਚ ਨਿਵੇਸ਼ ਦੇ ਮਹੱਤਵ ਨੂੰ ਸਮਝਦੇ ਹਾਂ, ਖਾਸ ਕਰਕੇ ਸਾਡੇ ਨੌਜਵਾਨਾਂ ਦੇ ਵਿਕਾਸ ਲਈ, ਅਤੇ ਅਸੀਂ ਇਹ ਵਾਪਸੀ ਦੇਖਣਾ ਜਾਰੀ ਰੱਖਾਂਗੇ ਕਿਉਂਕਿ ਸਪੋਰਟਸ, ਸਾਡੀ ਕਮਿਉਨਿਟੀ ਵਿੱਚ ਲਗਾਤਾਰ ਇੱਕਜੁੱਟ, ਵਧ ਅਤੇ ਸੰਪੰਨ ਹੋ ਰਹੀ ਹੈ।"

- *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਸਿਟੀ ਆਫ ਬ੍ਰੈਂਪਟਨ, ਕ੍ਰਿਕੇਟ ਵਰਤੋਂਕਾਰਾਂ, ਭਾਈਵਾਲੀਆਂ, ਫੈਸਿਲਿਟੀਜ ਅਤੇ ਕਾਰਜਕਰਮਾਂ ਲਈ ਵਿਕਾਸਸ਼ੀਲ ਕੇਂਦਰ ਹੈ ਅਤੇ ਸਾਨੂੰ ਬੇਹੱਦ ਮਾਣ ਹੈ ਕਿ ਸਾਡੀ ਲੋਕਲ ਕਮਿਉਨਿਟੀ ਖੁਦ ਵਾਸਤੇ ਗਲੋਬਲ ਤੌਰ ਤੇ ਆਪਣਾ ਨਾਮ ਬਣਾ ਰਹੀ ਹੈ। ਸਾਡੇ ਲੋਕਲ ਕ੍ਰਿਕੇਟ ਇੰਫਰਾਸਟ੍ਰਕਚਰ ਨੂੰ ਵਧਾਉਣ ਵਿੱਚ ਲਗਾਤਾਰ ਨਿਵੇਸ਼ ਇਹ ਯਕੀਨੀ ਬਣਾਵੇਗਾ ਕਿ ਅਸੀਂ ਸਾਡੀ ਕਮਿਉਨਿਟੀ ਦੀਆਂ ਮੌਜੂਦਾ ਲੋੜਾਂ ਪੂਰੀਆਂ ਕਰ ਰਹੇ ਹਾਂ ਅਤੇ ਉਹਨਾਂ ਸਹੂਲਤਾਂ ਤੱਕ ਪਹੁੰਚ ਵਿੱਚ ਭਵਿੱਖੀ ਪ੍ਰਤਿਭਾ ਦੀ ਸਹਾਇਤਾ ਕਰ ਰਹੇ ਹਾਂ, ਜਿਸਦੀ ਉਹਨਾਂ ਨੂੰ ਸਪੋਰਟਸ ਵਿੱਚ ਵਧਣ ਵਾਸਤੇ ਲੋੜ ਹੈ।"

- *ਰੋਏਨਾ ਸੈਨਟੋਸ (Rowena Santos), ਰੀਜਨਲ ਕਾਉਂਸਲਰ, ਵਾਰਡਸ 1 ਅਤੇ 5; ਚੇਅਰ, ਕਮਿਉਨਿਟੀ ਸਰਵਿਸਿਜ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 700,000 ਲੋਕਾਂ ਅਤੇ 90,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

BRAMPTON

# Media Release

**ਮੀਡੀਆ ਸੰਪਰਕ**
ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca